R.N.I. No.: PUNENG/2014/59759 ISSN: 2348-9936

# ਸੀਸੁ ਦੀਆ ਪਰੁ ਸਿਰਰੁ ਨ ਦੀਆ

ਡਾ. ਜਗਜੀਤ ਸਿੰਘ*

**ਸਾਰ**

ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਅਣਗਿਣਤ ਹੋਰ। ਤੱਤੀ ਤਵੀ 'ਤੇ ਬੈਠ ਕੇ ਵੀ "ਤੇਰਾ ਕੀਆ ਮੀਠਾ ਲਾਗੇ" ਕਹਿਣ ਵਾਲੇ, ਚਰਖੜ੍ਹੀਆਂ 'ਤੇ ਚੜ੍ਹਨ ਵਾਲੇ, ਦੇਗ਼ਾਂ ਵਿੱਚ ਉਬਾਲੇ ਜਾਣ ਵਾਲੇ, ਬੰਦ-ਬੰਦ ਕਟਵਾਉਣ ਵਾਲੇ, ਸੀਸ ਕਟਾਉਣ ਤੋਂ ਬਾਅਦ ਵੀ ਖੰਡੇ ਨਾਲ ਵੈਰੀਆਂ ਦੇ ਆਹੂ ਲਾਹੁਣ ਵਾਲੇ ਸੂਰਬੀਰ ਯੋਧਿਆਂ ਦੀ ਕਮੀ ਨਹੀਂ। ਦੁਨੀਆ ਦੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਸਾਨੂੰ ਬਹੁਤ ਸਾਰੇ ਸੂਰਬੀਰ, ਯੋਧੇ, ਮਹਾਂਪੁਰਸ਼ ਮਿਲਣਗੇ ਜਿਨ੍ਹਾਂ ਨੇ ਆਪੋ-ਆਪਣੇ ਧਰਮ, ਦੇਸ਼, ਕੌਮ ਪ੍ਰਤੀ ਆਪਣੀਆਂ ਜਾਨਾਂ ਵਾਰੀਆਂ ਅਰਥਾਤ ਸ਼ਹਾਦਤਾਂ ਦਿੱਤੀਆਂ ਪਰ ਜਿਸ ਪ੍ਰਕਾਰ ਦੀ ਸ਼ਹਾਦਤ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਦਿੱਤੀ ਹੈ, ਇਸ ਪ੍ਰਕਾਰ ਦੀ ਸ਼ਹਾਦਤ ਦੀ ਘਟਨਾ ਨਾ ਕਿਤੇ ਸੁਣਨ ਨੂੰ ਮਿਲੇਗੀ ਅਤੇ ਨਾ ਪੜ੍ਹਨ ਨੂੰ। ਇਸ ਪਰਚੇ ਦਾ ਕੇਂਦਰ ਬਿੰਦੂ ਨੌਵੇਂ ਗੁਰੂ, ਹਿੰਦ ਦੀ ਚਾਦਰ ਸ੍ਰੀ ਗੁਰੂ ਦੇਗ਼ ਬਹਾਦਰ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਹੈ, ਜਿਨ੍ਹਾਂ ਨੇ ਧਰਮ ਲਈ ਆਪਣਾ ਆਪ ਕੁਰਬਾਨ ਤਾਂ ਕਰਵਾ ਲਿਆ ਪਰ ਆਪਣੇ ਸਿਰੜ, ਸਿਦਕ ਤੋਂ ਪਿੱਛੇ ਨਹੀਂ ਹਟੇ।

**ਮਹੱਤਵਪੂਰਨ ਸ਼ਬਦ:** ਸਿਰਰੁ, ਸਿਰੜ, ਅਨਿੰਨ, ਤਿਲਕ ਜੰਞੂ, ਸਰਮਦ।

**ਸੀਸੁ ਦੀਆ ਪਰੁ ਸਿਰਰੁ ਨ ਦੀਆ**

(ਪੂਰਾ ਪਰਚਾ)

ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਕੀ ਕੋਈ ਅੰਦਾਜ਼ਾ ਲਗਾ ਸਕਦਾ ਹੈ ਕਿ ਸਿੱਖ ਕੌਮ ਵਿੱਚ ਦੇਸ਼-ਧਰਮ ਦੀ ਰੱਖਿਆ ਲਈ ਕੁਰਬਾਨ ਹੋਣ ਵਾਲੇ ਸਿੱਖਾਂ ਦੀ ਕਿੰਨੀ ਗਿਣਤੀ ਹੈ? ਸ਼ਾਇਦ ਨਹੀਂ। ਜਿਸ ਤਰ੍ਹਾਂ ਅਸਮਾਨ ਵਿੱਚ ਤਾਰਿਆਂ ਦੀ ਗਿਣਤੀ ਕਰਨਾ ਅਸੰਭਵ ਹੈ, ਉਸੇ ਤਰ੍ਹਾਂ ਸਿੱਖ ਧਰਮ ਵਿੱਚ ਸ਼ਹੀਦਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਅਣਗਿਣਤ ਹੋਰ। ਤੱਤੀ ਤਵੀ 'ਤੇ ਬੈਠ ਕੇ ਵੀ "ਤੇਰਾ ਕੀਆ ਮੀਠਾ ਲਾਗੇ" ਕਹਿਣ ਵਾਲੇ, ਚਰਖੜ੍ਹੀਆਂ 'ਤੇ ਚੜ੍ਹਨ ਵਾਲੇ, ਦੇਗ਼ਾਂ ਵਿੱਚ ਉਬਾਲੇ ਜਾਣ ਵਾਲੇ, ਬੰਦ-ਬੰਦ ਕਟਵਾਉਣ ਵਾਲੇ, ਸੀਸ ਕਟਾਉਣ ਤੋਂ ਬਾਅਦ ਵੀ ਖੰਡੇ ਨਾਲ ਵੈਰੀਆਂ ਦੇ ਆਹੂ ਲਾਹੁਣ ਵਾਲੇ ਸੂਰਬੀਰ ਯੋਧਿਆਂ ਦੀ ਕਮੀ ਨਹੀਂ। ਹੋਰ ਤਾਂ ਹੋਰ ਸ਼ਹਾਦਤ ਦਾ ਜਾਮ ਪੀਣ ਵਾਲੇ ਅਜਿਹੇ ਵੀ ਅਣਗਿਣਤ ਯੋਧੇ ਹਨ, ਜਿਨ੍ਹਾਂ ਬਾਰੇ ਇਤਿਹਾਸਕਾਰਾਂ ਨੇ ਬਹੁਤੀ ਖੋਜ ਨਹੀਂ ਕੀਤੀ। ਉਦਾਹਰਨ ਵਜੋਂ ਪਟਿਆਲੇ ਦੇ ਲਾਗੇ ਇੱਕ ਪਿੰਡ ਦੇ ਇੱਕ ਗੁਰਮੁਖ ਪਿਆਰੇ, ਜਿਸ ਦਾ ਨਾਂ 'ਜੈ ਸਿੰਘ ਖਲਕਟ' ਵਜੋਂ ਜਾਣਿਆ ਜਾਣ ਲੱਗਾ ਹੈ, ਜਿਉਂਦੇ ਜੀਅ ਉਸ ਦੀ ਚਮੜੀ ਇਸ ਕਰਕੇ ਉਧੇੜ ਦਿੱਤੀ ਗਈ ਸੀ ਕਿਉਂਕਿ ਉਸ ਨੇ ਨਵਾਬ ਦਾ ਹੁੱਕੇ ਵਾਲਾ ਬੋਝਾ ਚੁੱਕਣ ਤੋਂ ਨਾਂਹ ਕਰ ਦਿੱਤੀ ਸੀ। ਏਥੇ ਹੀ ਬੱਸ ਨਹੀਂ, ਉਸ ਦੇ ਸਾਰੇ ਪਰਿਵਾਰ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ।

ਇਸ ਪਰਚੇ ਦਾ ਕੇਂਦਰ ਬਿੰਦੂ ਨੌਵੇਂ ਗੁਰੂ, ਹਿੰਦ ਦੀ ਚਾਦਰ ਸ੍ਰੀ ਗੁਰੂ ਦੇਗ਼ ਬਹਾਦਰ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਹੈ, ਜਿਨ੍ਹਾਂ ਨੇ ਧਰਮ ਲਈ ਆਪਣਾ ਆਪ ਕੁਰਬਾਨ ਤਾਂ ਕਰਵਾ ਲਿਆ ਪਰ ਆਪਣੇ ਸਿਰੜ, ਸਿਦਕ ਤੋਂ ਪਿੱਛੇ ਨਹੀਂ ਹਟੇ।

ਦੁਨੀਆ ਦੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਸਾਨੂੰ ਬਹੁਤ ਸਾਰੇ ਸੂਰਬੀਰ, ਯੋਧੇ, ਮਹਾਂਪੁਰਸ਼ ਮਿਲਣਗੇ ਜਿਨ੍ਹਾਂ ਨੇ ਆਪੋ-ਆਪਣੇ ਧਰਮ, ਦੇਸ਼, ਕੌਮ ਪ੍ਰਤੀ ਆਪਣੀਆਂ ਜਾਨਾਂ ਵਾਰੀਆਂ ਅਰਥਾਤ ਸ਼ਹਾਦਤਾਂ ਦਿੱਤੀਆਂ ਪਰ ਜਿਸ ਪ੍ਰਕਾਰ ਦੀ ਸ਼ਹਾਦਤ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਦਿੱਤੀ ਹੈ, ਇਸ ਪ੍ਰਕਾਰ ਦੀ ਸ਼ਹਾਦਤ ਦੀ ਘਟਨਾ ਨਾ ਕਿਤੇ ਸੁਣਨ ਨੂੰ ਮਿਲੇਗੀ ਅਤੇ ਨਾ ਪੜ੍ਹਨ ਨੂੰ।

ਸਿੱਖ ਧਰਮ ਫ਼ੋਕੇ ਕਰਮ-ਕਾਂਢਾਂ ਨੂੰ ਨਹੀਂ ਮੰਨਦਾ । ਬਾਬਾ ਨਾਨਕ ਕਹਿ ਚੁੱਕੇ ਹਨ,

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥"

ਆਸਾ ਮਹਲਾ ੧
ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੪੭੧

ਭਾਵ ਹੇ ਪੰਡਿਤ, ਉਹ ਜਨੇਊ ਜਿਸ ਦੀ ਕਪਾਹ ਦਇਆ ਹੋਵੇ, ਜਿਸ ਦਾ ਸੂਤ ਸੰਤੋਖ ਹੋਵੇ, ਜਿਸ ਦੀਆਂ ਗੰਢਾਂ ਜਤ ਹੋਣ ਅਤੇ ਜਿਸ ਦਾ ਵੱਟ ਉੱਚਾ ਆਚਰਨ ਹੋਵੇ, ਜੇ ਤੇਰੇ ਕੋਲ ਅਜਿਹਾ ਆਤਮਾ ਦੇ

* ਸਹਾਇਕ ਪ੍ਰੋਫ਼ੈਸਰ, ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

ਕੰਮ ਆਉਣ ਵਾਲਾ ਜਨੇਊ ਹੈ ਤਾਂ ਮੇਰੇ ਗਲ ਵਿੱਚ ਪਾ ਦੇ। ਇਹ ਵਿਚਾਰਨ ਵਾਲੀ ਗੱਲ ਹੈ ਕਿ ਕੀ ਕਾਰਨ ਹੈ ਕਿ ਗੁਰੂ ਜੀ ਨੇ ਜਨੇਊ ਪਹਿਨਣ ਵਾਲਿਆਂ ਲਈ ਆਪਣੀ ਸ਼ਹਾਦਤ ਦਿੱਤੀ?

ਅਨੰਦਪੁਰ ਸਾਹਿਬ ਦਾ ਵਾਕਿਆ ਹੈ। ਗੁਰੂ ਗੋਬਿੰਦ ਸਿੰਘ ਜੀ ਅਜੇ ਬਾਲ ਅਵਸਥਾ ਵਿੱਚ ਹੀ ਸਨ ਕਿ ਕਸ਼ਮੀਰ ਦੇ ਹਿੰਦੂ-ਬ੍ਰਾਹਮਣਾਂ ਦਾ ਇੱਕ ਟੋਲਾ, ਜਿਸ ਦੀ ਅਗਵਾਈ ਪੰਡਿਤ ਕਿਰਪਾ ਰਾਮ ਕਰ ਰਹੇ ਸਨ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਪਹੁੰਚਿਆ। ਉਹ ਅਜਿਹਾ ਸਮਾਂ ਸੀ ਕਿ ਔਰੰਗਜੇਬ ਦਿੱਲੀ ਦਾ ਸ਼ਾਸਕ ਸੀ ਤੇ ਸਾਰੇ ਗ਼ੈਰ-ਮੁਸਲਮਾਨਾ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਉਸ ਦੇ ਦਿਲ ਵਿੱਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਸਿਰਫ਼ ਤੇ ਸਿਰਫ਼ ਮੁਸਲਮਾਨਾਂ ਦਾ ਧਰਮ ਹੀ ਸਭ ਤੋਂ ਸ੍ਰੇਸ਼ਟ ਧਰਮ ਹੈ। ਉਹ ਇਹ ਕੰਮ ਧਰਮ ਦਾ ਕੰਮ ਸਮਝ ਕੇ ਹੀ ਕਰ ਰਿਹਾ ਸੀ। ਉਸ ਨੂੰ ਇਹ ਵੀ ਭਰਮ ਸੀ ਕਿ ਜੇਕਰ ਦੁਨੀਆ ਵਿੱਚ ਮੁਸਲਿਮ ਧਰਮ ਹੋਵੇ ਗਾ ਤਾਂ ਸਾਰੇ ਪਾਸੇ ਸ਼ਾਂਤੀ ਕਾਇਮ ਹੋ ਜਾਵੇਗੀ ਤੇ ਲੜਾਈ-ਝਗੜੇ ਖ਼ ਤਮ ਹੋ ਜਾਣਗੇ। ਇਸੇ ਲਈ ਉਸ ਦੀਆਂ ਸਖ਼ਤ ਹਦਾਇਤਾਂ ਸਨ ਕਿ ਪਿਆਰ ਨਾਲ, ਲਾਲਚ ਨਾਲ ਜਾਂ ਧੱਕੇ ਨਾਲ; ਜਿਵੇਂ ਵੀ ਹੋਵੇ, ਸਭ ਲੋਕਾਂ ਨੂੰ ਮੁਸਲਮਾਨ ਬਣਾ ਲਿਆ ਜਾਵੇ। ਇਸ ਦਾ ਅਸਰ ਹੋ ਵੀ ਰਿਹਾ ਸੀ ਤੇ ਭਾਰਤ ਵਿੱਚ ਬਹੁਤ ਸਾਰੇ ਲੋਕਾਂ ਨੇ ਡਰ ਦੇ ਮਾਰੇ ਜਾਂ ਲਾਲਚ ਦੇ ਮਾਰੇ ਮੁਸਲਿਮ ਧਰਮ ਅਪਣਾ ਵੀ ਲਿਆ ਸੀ। 1668 ਈਸਵੀ ਵਿੱਚ ਔਰੰਗਜ਼ੇਬ ਨੇ ਇਫ਼ਤਿਖ਼ਾਰ ਖ਼ਾਨ ਨੂੰ ਕਸ਼ਮੀਰ ਦਾ ਗਵਰਨਰ ਲਗਾ ਦਿੱਤਾ ਸੀ ਜੋ ਬੜਾ ਜ਼ਾਲਮ ਤੇ ਦੁਸ਼ਟ ਬੁੱਧੀ ਵਾਲਾ ਸੀ। ਕਿਰਪਾ ਰਾਮ ਨੇ ਗੁਰੂ ਜੀ ਨੂੰ ਗਵਰਨਰ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਦਾ ਜਦੋਂ ਵਿਸਤਾਰ-ਸਹਿਤ ਬਿਆਨ ਕੀਤਾ ਤਾਂ ਗੁਰੂ ਜੀ ਬੜੀ ਡੂੰਘੀ ਸੋਚ ਵਿੱਚ ਪੈ ਗਏ। ਉਹ ਸੋਚ ਰਹੇ ਸਨ ਕਿ ਇਨ੍ਹਾਂ ਦੁਖੀਆਂ ਪੰਡਤਾਂ ਦੇ ਦੁਖਾਂ ਦਾ ਇਲਾਜ ਕਿਵੇਂ ਕੀਤਾ ਜਾ ਸਕਦਾ ਹੈ ਕਿ ਬਾਲ ਗੁਰੂ ਗੋਬਿੰਦ ਰਾਏ ਜੀ, ਜਿਨ੍ਹਾਂ ਦੀ ਉਮਰ ਉਸ ਵਕਤ ਮਹਿਜ ਨੌਂ ਸਾਲ ਸੀ, ਅਚਾਨਕ ਆਏ ਤੇ ਪਿਤਾ ਗੁਰੂ ਨੂੰ ਸੋਚ ਵਿੱਚ ਪਿਆ ਦੇਖ ਕੇ ਪੁੱਛਣ ਲੱਗੇ, "ਪਿਤਾ ਜੀ, ਕਿਸ ਕਾਰਨ ਆਪ ਜੀ ਦੇ ਮਸਤਕ ਤੇ ਚਿੰਤਾ ਦੀਆਂ ਲਕੀਰਾਂ ਹਨ?" ਗੁਰੂ ਜੀ ਦਾ ਧਿਆਨ ਇਕਦਮ ਬਾਲਕ ਵੱਲ ਗਿਆ ਤੇ ਕੁਝ ਸੋਚ ਕੇ ਕਹਿਣ ਲੱਗੇ, "ਬੇ ਟਾ, ਇਹ ਭਲੇ ਪੁਰਸ਼ ਕਸ਼ਮੀਰ ਤੋਂ ਆਏ ਹਨ। ਇਨ੍ਹਾਂ ਦਾ ਹਿੰਦੂ ਧਰਮ ਸੰਕਟ ਵਿੱਚ ਹੈ। ਹਕੂਮਤ ਇਨ੍ਹਾਂ ਨੂੰ ਜਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦੀ ਹੈ।"

"ਪਿਤਾ ਜੀ ਇਨ੍ਹਾਂ ਦੇ ਧਰਮ ਨੂੰ ਬਚਾਉਣ ਦਾ ਕੋਈ ਤਰੀਕਾ ਨਹੀਂ ਹੈ?" ਬਾਲਕ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਇਹ ਸਵਾਲ ਨਿਕਲਿਆ।

"ਬੇਟਾ, ਤਰੀਕਾ ਤਾਂ ਹੈ ਜੇਕਰ ਕੋਈ ਮਹਾਂਪੁਰਸ਼ ਇਨ੍ਹਾਂ ਦੇ ਧਰਮ ਲਈ ਬਲੀਦਾਨ ਦੇ ਦੇਵੇ ਤਾਂ ਇਨ੍ਹਾਂ ਦਾ ਧਰਮ ਬਚ ਸਕਦਾ ਹੈ।

ਦਸ਼ਮੇਸ਼ ਪਿਤਾ ਦੀ ਉਮਰ ਭਾਵੇਂ ਬਹੁਤ ਛੋਟੀ ਸੀ ਪਰ ਉਹ ਆਮ ਬਾਲਕਾਂ ਦੀ ਤਰ੍ਹਾਂ ਨਹੀਂ ਸਨ। ਉਹ ਤਾਂ ਜਨਮ ਤੋਂ ਹੀ ਦੈਵੀ ਪ੍ਰਤਿਭਾ ਦੇ ਮਾਲਕ ਸਨ। ਇਸੇ ਲਈ ਉਨ੍ਹਾਂ ਨੇ ਤੁਰੰਤ ਗੁਰੂ ਪਿਤਾ ਜੀ ਨੂੰ ਆਖਿਆ, "ਪਿਤਾ ਜੀ! ਆਪ ਤੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ?"

ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਿਆਰੇ ਲਾਲ ਨੂੰ ਤੱਕਿਆ ਤੇ ਕੁੱਛੜ ਵਿੱਚ ਚੁੱਕ ਕੇ ਪਿਆਰ ਦਿੱਤਾ। ਉਨ੍ਹਾਂ ਨੇ ਇਹ ਮਹਿਸੂਸ ਕਰ ਲਿਆ ਕਿ ਇਹ ਬਾਲਕ, ਬਾਲਕ ਨਹੀਂ ਬਲਕਿ ਅਸਧਾਰਨ ਗੁਣਾਂ ਦਾ ਮਾਲਕ ਹੈ ਤੇ ਗੁਰਗੱਦੀ ਦੇ ਭਾਰ ਨੂੰ ਉਠਾਉਣ ਦੇ ਪੂਰੀ ਤਰ੍ਹਾਂ ਕਾਬਲ ਹੋ ਗਿਆ ਹੈ।

ਗੁਰੂ ਜੀ ਦੇ ਸਿਰ ਤੋਂ ਹੁਣ ਭਾਰ ਲਹਿ ਗਿਆ ਸੀ ਤੇ ਉਨ੍ਹਾਂ ਨੇ ਦੂਸਰੇ ਦਿਨ ਪੰਡਿਤ ਕਿਰਪਾ ਰਾਮ ਤੇ ਉਸ ਦੇ ਬ੍ਰਾਹਮਣ ਸਾਥੀਆਂ ਨੂੰ ਆਖਿਆ, "ਜਾਓ, ਔਰੰਗਜ਼ੇਬ ਨੂੰ ਆਖ ਦਿਓ ਕਿ ਜੇਕਰ ਉਹ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾਉਣ ਵਿੱਚ ਸਫ਼ਲ ਹੋ ਜਾਏ ਤਾਂ ਉੱਤਰੀ ਭਾਰਤ ਦੇ ਸਾਰੇ ਬ੍ਰਾਹਮਣ ਤੇ ਹਿੰਦੂ ਇਸਲਾਮ ਕਬੂਲ ਕਰ ਲੈਣਗੇ। ਜੇ ਉਹ ਸਫ਼ਲ ਨਾ ਹੋਏ ਤਾਂ ਉਸ ਨੂੰ ਇਹ ਨੀਤੀ ਤਿਆਗਣੀ ਪਵੇ ਗੀ। ਜਿਸ ਵੇਲੇ ਤੇਗ਼ ਬਹਾਦਰ ਗ੍ਰਿਫ਼ਤਾਰੀ ਦੇਣ, ਸਾਰੇ ਬ੍ਰਾਹਮਣ ਛੱਡ ਦਿੱਤੇ ਜਾਣ।"

ਇੱਥੇ ਇਹ ਸੋਚਣ ਦੀ ਗੱਲ ਹੈ ਕਿ ਗੁਰੂ ਜੀ ਨੂੰ ਅਜਿਹਾ ਵੱਡਾ ਫ਼ੈਸਲਾ ਲੈਣ ਦੀ ਕਿਉਂ ਲੋੜ ਪਈ? ਅਸਲ ਵਿੱਚ ਇਸ ਪਿੱਛੇ ਗੁਰਮਤਿ ਫ਼ਲਿਸਫ਼ੀ, ਗੁਰਮਤਿ ਵਿਚਾਰ-ਧਾਰਾ ਕੰਮ ਕਰਦੀ ਹੈ। ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ,

"ਜੋ ਸਰਨ ਆਵੈ ਤਿਸੁ ਕੰਠ ਲਾਵੈ॥
ਇਹ ਬਿਰਦੁ ਸੁਆਮੀ ਸੰਦਾ॥"

ਬਿਹਾਗੜਾ ਮਹਲਾ ੫
ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੫੪੪

ਭਾਵ ਮਾਲਕ-ਪ੍ਰਭੂ ਦਾ ਇਹ ਮੁੱਢ ਕਦੀਮਾਂ ਦਾ ਸੁਭਾਉ ਹੈ ਕਿ ਜਿਹੜਾ ਜੀਵ ਉਸ ਦੀ ਸਰਨ ਆਉਂਦਾ ਹੈ, ਉਸ ਨੂੰ ਉਹ ਆਪਣੇ ਗਲ ਨਾਲ ਲਾ ਲੈਂਦਾ ਹੈ।

ਸ਼ਹੀਦ ਬਿਲਾਸ ਵਿੱਚ ਇਸ ਘਟਨਾ ਨੂੰ ਇਸ ਤਰ੍ਹਾਂ ਕਲਮ ਬੱਧ ਕੀਤਾ ਗਿਆ ਹੈ:

"ਦੁਖੀ ਬਿਪਰ ਜੁ ਚਲ ਕੇ ਆਏ ਪੁਰੀ ਅਨੰਦ।
ਬਾਹ ਅਸਾਡੀ ਪਕੜੀਏ ਗੁਰ ਹਰਿਗੋਬਿੰਦ ਕੇ ਚੰਦ।
ਤੇਗ ਬਹਾਦਰ ਜਗਤ ਗੁਰ ਸੁਨ ਇਮ ਹਾ ਹਾ ਕਾਰ।
ਰਛਕ ਗਊ ਗਰੀਬ ਕਾ ਕਲਜੁਗ ਕਾ ਅਵਤਾਰ।
ਹਾਥ ਜੋਰ ਕਹਯੋ ਕਿਰਪਾ ਰਾਮ।
ਦਤਯ ਬ੍ਰਾਹਮਣ ਮੱਟਨ ਗ੍ਰਾਮ।
ਹਮਰੋ ਬਲ ਅਬ ਰਹਯੋ ਨਹਕਾਈ

ਹੇ ਗੁਰੂ ਤੇਗ ਬਹਾਦਰ ਰਾਏ
ਤਬ ਸਤਿਗੁਰ ਇਵ ਮੁਖ ਠਹਿਰਾਇਆ।
ਬਿਨ ਸਿਰ ਦੀ ਏ ਜਗਤ ਦੁਖ ਪਾਏ।"

ਸੇਵਾ ਸਿੰਘ, ਸ਼ਹੀਦ ਬਿਲਾਸ

ਗੁਰ ਇਤਿਹਾਸ ਵਿੱਚ ਅਣਗਿਣਤ ਉਦਾਹਰਨਾਂ ਮਿਲ ਜਾਣਗੀਆਂ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸ਼ਰਨ ਵਿੱਚ ਆਏ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਗੁਰੂ ਨੇ ਨਿਰਾਸ਼ ਵਾਪਿਸ ਨਹੀਂ ਭੇਜਿਆ ਸਗੋਂ ਉਸ ਦੀ ਹਰ ਪ੍ਰਕਾਰ ਦੀ ਮੱਦਦ ਕੀਤੀ ਭਾਵੇਂ ਅਜਿਹਾ ਕਰਨ ਵਿੱਚ ਕਿੰਨੀਆਂ ਵੀ ਮੁਸ਼ਕਿਲਾਂ ਕਿਉਂ ਨਾ ਆਉਣ।

ਗੁਰਮਤਿ ਦਾ ਇਹੀ ਸਿਧਾਂਤ ਗੁਰੂ ਸਹਿਬਾਨ ਤੱਕ ਹੀ ਮਹਿਦੂਦ ਨਹੀਂ ਸਗੋਂ ਬਾਅਦ ਵਿੱਚ ਵੀ ਬੰਦਾ ਬਹਾਦਰ ਤੋਂ ਲੈ ਕੇ ਹੁਣ ਤੱਕ ਨਿਰੰਤਰ ਚਲਦਾ ਆ ਰਿਹਾ ਹੈ ਤੇ ਚਲਦਾ ਹੀ ਰਹੇਗਾ। ਇਹ ਗੁਰੂ ਸਾਹਿਬਾਂ ਦੀ ਮਨੁੱਖਤਾ ਨੂੰ ਬੜੀ ਭਾਰੀ ਦੇਣ ਹੈ।

ਪੰਡਿਤ ਕਿਰਪਾ ਰਾਮ ਤਾਂ ਆਪਣੇ ਸਾਥੀਆਂ ਨਾਲ ਖੁਸ਼ੀ ਭਰੇ ਰੌਂ ਵਿੱਚ ਵਾਪਿਸ ਚਲਿਆ ਗਿਆ ਤੇ ਇੱਧਰੋਂ ਗੁਰੂ ਤੇਗ਼ ਬਹਾਦਰ ਜੀ ਨੇ ਜਾਣ ਲਿਆ ਕਿ ਹੁਣ ਸ਼ਹਾਦਤ ਦੇਣ ਦਾ ਸਮਾਂ ਬਹੁਤ ਦੂਰ ਨਹੀਂ।

ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਆਪਣੇ ਸਿਪਾਹੀ ਭੇਜ ਦਿੱਤੇ ਪਰ ਗੁਰੂ ਜੀ ਖ਼ੁਦ ਹੀ ਆਪਣੇ ਚੋਣਵੇਂ ਸਿੰਘਾਂ ਨਾਲ ਦਿੱਲੀ ਵੱਲ ਚੱਲ ਪਏ ਤੇ ਰਸਤੇ ਵਿੱਚ ਕਈ ਥਾਂ ਪੜਾਓ ਕਰਦੇ ਹੋਏ, ਦੁਖੀ ਜੰਤਾ ਦੀਆਂ ਦੁੱਖ-ਤਕਲੀਫ਼ਾਂ ਦੂਰ ਕਰਦੇ ਹੋਏ ਨਾਮ ਬਾਣੀ ਨਾਲ ਜੋੜਦੇ ਰਹੇ। ਡਾ. ਤਿਰਲੋਚਨ ਸਿੰਘ "ਸੰਖੇਪ ਜੀਵਨ ਗੁਰੂ ਤੇਗ਼ ਬਹਾਦਰ" ਵਿੱਚ ਲਿਖਦੇ ਹਨ:

"ਗੁਰੂ ਤੇਗ਼ ਬਹਾਦਰ ਨਾ ਵੇਦਾਂ ਸਾਸਤ੍ਰਾਂ ਸਿਮ੍ਰਤੀਆਂ ਵਿੱਚ ਵਿਸ਼ਵਾਸ ਰੱਖਦੇ ਸਨ, ਨਾ ਬ੍ਰਾਹਮਣਾ ਦੇ ਚਾਰ ਵਰਨ, ਚਾਰ ਆਸ਼ਰਮਾਂ ਦੇ ਧਰਮ ਵਿੱਚ। ਨਾ ਬੁੱਤ-ਪ੍ਰਸਤੀ ਤੇ ਮੂਰਤੀ ਪੂਜਾ ਵਿੱਚ ਅਤੇ ਇਸ ਨਾਲ ਸੰਬੰਧਿਤ ਸੰਸਕਾਰਾਂ ਤੇ ਰੀਤਾਂ ਰਸਮਾਂ ਸਿਧਾਂਤਾਂ ਵਿੱਚ। ਪਰ ਫ਼ੇਰ ਵੀ ਉਹ ਹਿੰਦੂ ਧਰਮ ਦੀ ਗੁਰੂ - ਸ਼੍ਰੇਣੀ, ਬ੍ਰਾਹਮਣਾਂ ਦੇ ਤਿਲਕ ਜੰਞੂ ਖ਼ਾਤਰ, ਵੇਦਾਂ ਸ਼ਾਸਤ੍ਰਾਂ ਦੇ ਧਰਮ ਖ਼ਾਤਰ ਸੀਸ ਦੇਣ ਨੂੰ ਤਿਆਰ ਹੋ ਗਏ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਹਰ ਧਰਮ ਨੂੰ ਆਪਣੀ ਪੂਜਾ ਅਰਚਾ ਦੀ ਖ਼ੁਦਮੁਖਤਿਆਰੀ ਮਿਲਣੀ ਚਾਹੀਦੀ ਹੈ।"

ਗੁਰੂ ਤੇਗ਼ ਬਹਾਦਰ ਜੀ ਦੀ ਫ਼ਿਲਾਸਫ਼ੀ ਸੀ ਕਿ ਹਰ ਧਰਮ ਦੇ ਲੋਕਾਂ ਨੂੰ ਅਧਿਕਾਰ ਹੈ ਕਿ ਉਹ ਆਪਣੇ ਅਕੀਦੇ, ਆਪਣੇ ਅਸੂਲਾਂ ਦੀ ਪਾਲਣਾ ਕਰ ਸਕਣ। ਜ਼ੋਰ, ਜਬਰ ਤੇ ਸਹਿਮ ਪਾ ਕੇ ਜਾਂ ਲਾਲਚ ਦੇ ਕੇ ਧਰਮ ਬਦਲਣਾ ਘੋਰ ਅਤਿਆਚਾਰ ਹੈ। ਇਸ ਅਤਿਆਚਾਰ ਵਿਰੁੱਧ ਗੁਰੂ ਸਾਹਿਬ ਨੇ ਆਪਣੀ ਜਾਨ ਕੁਰਬਾਨ ਕਰਨ ਦਾ ਫ਼ੈਸਲਾ ਕਰ ਲਿਐ ਐਸੀ ਕੁਰਬਾਨੀ ਦੂਸਰੇ ਦੇ ਧਰਮ ਲਈ, ਤੇ ਉਨ੍ਹਾਂ ਅਸੂਲਾਂ ਲਈ, ਜਿਨ੍ਹਾਂ ਵਿੱਚ ਉਹ ਖ਼ੁਦ ਵਿਸ਼ਵਾਸ ਨਹੀਂ ਸਨ ਰੱਖਦੇ, ਸੰਸਾਰ ਦੇ ਇਤਿਹਾਸ ਵਿੱਚ ਕਿਸੇ ਨੇ ਨਹੀਂ ਸੀ ਕੀਤੀ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ,

"ਤੇਗ਼ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।"

ਬਚਿੱਤਰ ਨਾਟਕ ਭਾਗ ਪੰਜਵਾਂ

ਭਾਵ ਗੁਰੂ ਤੇਗ਼ ਬਹਾਦਰ ਜੀ ਵਰਗਾ ਕਾਰਨਾਮਾ ਕੋਈ ਵੀ ਨਹੀਂ ਕਰ ਸਕਦਾ।

ਗੁਰੂ ਜੀ ਅਜੇ ਰਸਤੇ ਵਿੱਚ ਹੀ ਸਨ ਕਿ ਔਰੰਗਜ਼ੇਬ ਨੇ ਸੂਬਾ ਲਾਹੌਰ ਤੇ ਸੂਬਾ ਸਰਹੰਦ ਨੂੰ ਹੁਕਮ ਕੀਤਾ, "ਮੈਂ ਦਿੱਲੀ ਪਹੁੰਚ ਗਿਆ ਹਾਂ, ਤੇਗ਼ ਬਹਾਦਰ ਨੂੰ ਹਾਜ਼ਰ ਕਰੋ।"

ਆਗਰਾ ਪਹੁੰਚ ਕੇ ਗੁਰੂ ਜੀ ਨੇ ਵਚਿਤਰ ਢੰਗ ਨਾਲ ਆਪਣੀ ਗ੍ਰਿਫ਼ਤਾਰੀ ਦਿੱਤੀ। ਆਗਰੇ ਤੋਂ ਗੁਰੂ ਜੀ ਤੇ ਉਨ੍ਹਾਂ ਨਾਲ ਚੋਣਵੇਂ ਪੰਜ ਸਿੱਖਾਂ ਨੂੰ ਦਿੱਲੀ ਪਹੁੰਚਾਇਆ ਗਿਆ।

ਪਹਿਲਾਂ ਤਾਂ ਔਰੰਗਜ਼ੇਬ ਨੇ ਦਲੀਲਾਂ ਨਾਲ ਗੁਰੂ ਤੇਗ਼ ਬਹਾਦਰ ਜੀ ਨੂੰ ਮਨਾਉਣਾ ਚਾਹਿਆ ਕਿ ਹਿੰਦੂ ਤਾਂ ਬੁੱਤ ਪੂਜਕ ਹਨ ਪਰ ਮੁਸਲਮਾਨ ਤੇ ਸਿੱਖ ਇੱਕੋ ਅੱਲਾ-ਤਾਲਾ ਜਾਂ ਵਾਹਿਗੁਰੂ ਨੂੰ ਮੰਨਦੇ ਹਨ, ਇਸ ਲਈ ਗੁਰੂ ਸਾਹਿਬ ਨੂੰ ਹਿੰਦੂਆਂ ਦੀ ਖ਼ਾਤਰ ਆਪਣੀ ਜਾਨ ਨਹੀਂ ਗਵਾਉਣੀ ਚਾਹੀਦੀ ਪਰ ਗੁਰੂ ਸਾਹਿਬ ਦਾ ਉੱਤਰ ਸੀ ਕਿ ਹਰ ਇੱਕ ਵਿਅਕਤੀ ਸੁਤੰਤਰ ਹੈ। ਹਰ ਇੱਕ ਨੂੰ ਆਪਣੇ-ਆਪਣੇ ਅਕੀਦੇ ਮੁਤਾਬਿਕ ਖੁੱਲ੍ਹ ਹੈ ਕਿ ਉਹ ਜਿਸ ਮਰਜੀ ਧਰਮ ਨੂੰ ਅਪਣਾਵੇ। ਜ਼ੋਰ ਜ਼ੁਲਮ ਨਾਲ ਕਿਸੇ ਦਾ ਧਰਮ ਬਦਲਣਾ ਪਾਪ ਹੈ, ਜ਼ੁਲਮ ਹੈ, ਅਨਿਆ ਹੈ। ਜਦੋਂ ਔਰੰਗਜ਼ੇਬ ਨੇ ਦੇਖਿਆ ਕਿ ਗੁਰੂ ਜੀ ਕਿਸੇ ਤਰ੍ਹਾਂ ਉਸ ਦੀ ਗੱਲ ਮੰਨਣ ਵਾਲੇ ਨਹੀਂ ਹਨ ਤਾਂ ਉਨ੍ਹਾਂ ਨੂੰ ਕਰਾਮਾਤ ਦਿਖਾਉਣ ਲਈ ਕਿਹਾ ਗਿਆ ਕਿਉਂਕਿ ਰਾਮ ਰਾਏ ਨੇ ਵੀ ਔਰੰਗਜ਼ੇਬ ਨੂੰ ਬਹੁਤ ਕਰਾਮਾਤਾਂ ਦਿਖਾਈਆਂ ਸਨ ਪਰ ਗੁਰੂ ਜੀ ਨੇ "ਕਰਾਮਾਤ ਦਿਖਾਉਣੀ ਪਾਪ ਹੈ" ਆਖ ਕੇ ਇਨਕਾਰ ਕਰ ਦਿੱਤਾ।

ਔਰੰਗਜ਼ੇਬ ਆਪਣੇ ਰਾਜ-ਮਦ ਹਠ ਵਿੱਚ ਬਜ਼ਿੱਦ ਰਿਹਾ। ਗੁਰੂ ਸਾਹਿਬ ਨੇ ਆਪਣੇ ਸਿਰੜ (ਪ੍ਰਤੀਗਿਆ) ਛੱਡਣੋਂ ਇਨਕਾਰ ਕਰ ਦਿੱਤਾ।

ਹੁਣ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਕੋਤਵਾਲੀ ਵਿੱਚ ਕਰੜੇ ਪਹਿਰੇ ਅਧੀਨ ਰੱਖਣ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੂੰ ਵੀ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਦਾ ਅੰਤਮ ਸਮਾਂ ਨੇੜੇ ਆ ਗਿਆ ਹੈ ਤਾਂ ਉਨ੍ਹਾਂ ਨੇ ਭਾਈ ਗੁਰਦਿੱਤਾ ਜੀ ਦੇ ਹੱਥ ਪੰਜ ਪੈਸੇ ਤੇ ਨਾਰੀਅਲ ਦੇ ਕੇ ਹੁਕਮ ਕੀਤਾ ਕਿ ਉਨ੍ਹਾਂ ਦੀ ਸ਼ਹੀਦੀ ਤੋਂ ਪਹਿਲਾਂ ਅਨੰਦਪੁਰ ਜਾ ਕੇ ਗੋਬਿੰਦ ਰਾਏ ਜੀ ਨੂੰ ਗੁਰਿਆਈ ਤਿਲਕ ਦੇ ਆਓ।

ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਔਰੰਗਜ਼ੇਬ ਨੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ। ਜਦੋਂ ਸਿਦਕੀ ਸਿੱਖ ਕਿਸੇ ਲੋਭ ਲਾਲਚ ਵਿੱਚ ਨਾ ਫਸੇ ਤਾਂ ਮੁਸਲਮਾਨ ਬਣਨ ਜਾਂ ਮੌਤ ਦੋਵਾਂ ਵਿੱਚੋਂ ਕਿਸੇ

ਇੱਕ ਨੂੰ ਚੁਣਨ ਦਾ ਹੁਕਮ ਦਿੱਤਾ ਗਿਆ। ਸਾਰਿਆਂ ਨੇ ਮੁਸਲਮਾਨ ਬਣਨ ਨਾਲੋਂ ਧਰਮ ਲਈ ਮਰਨ ਨੂੰ ਤਰਜੀਹ ਦਿੱਤੀ। ਬਾਦਸ਼ਾਹ ਨੇ ਸੋਚਿਆ ਕਿ ਇਨ੍ਹਾਂ ਸਿੱਖਾਂ ਨੂੰ ਅਜਿਹੀ ਮੌਤ ਮਾਰਿਆ ਜਾਵੇ ਜਿਸ ਨੂੰ ਦੇਖ ਕੇ ਗੁਰੂ ਜੀ ਦਾ ਮਨ ਡੋਲ ਜਾਵੇ ਪਰ ਔਰੰਗਜ਼ੇਬ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਜੇ ਸਰਮਦ ਵਰਗੇ ਦਰਵੇਸ਼ ਮੌਤ ਤੋਂ ਨਹੀਂ ਡਰੇ ਤਾਂ ਹਿੰਦ ਧਰਮ ਦੇ ਰਾਖੇ ਗੁਰੂ ਤੇਗ਼ ਬਹਾਦਰ ਜੀ ਕਿਵੇਂ ਡੋਲ ਸਕਦੇ ਹਨ? ਗੁਰਸਿੱਖਾਂ ਦੀ ਤਾਂ ਇਹੋ ਫ਼ਲਿਸਫ਼ੀ ਹੈ, "ਸਿਰ ਜਾਏ ਤਾਂ ਜਾਏ, ਪਰ ਸਿੱਖੀ ਸਿਦਕ ਨਾ ਜਾਏ।"

ਅੰਤ ਥੱਕ ਹਾਰ ਕੇ ਔਰੰਗਜ਼ੇਬ ਨੇ ਗੁਰੂ ਜੀ ਅਤੇ ਪਰਮ ਪਿਆਰੇ ਸਿੱਖਾਂ ਨੂੰ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਅੱਗ ਨਾਲ ਸਾੜ ਦਿੱਤਾ ਗਿਆ ਅਤੇ ਭਾਈ ਦਿਆਲਾ ਜੀ ਨੂੰ ਉੱਬਲਦੀ ਦੇਗ਼ ਵਿੱਚ ਉਬਾਲ ਦਿੱਤਾ ਗਿਆ ਪਰ ਇਨ੍ਹਾਂ ਗੁਰੂ ਜੀ ਦੇ ਪਿਆਰਿਆਂ ਨੇ "ਸੀ" ਤੱਕ ਨਾ ਕੀਤੀ ਸਗੋਂ ਆਪਣਾ ਧਿਆਨ ਗੁਰੂ ਜੀ ਵੱਲ ਹੀ ਕੇਂਦਰਿਤ ਕਰਦੇ ਹੋਏ ਅਡੋਲ ਰਹਿ ਕੇ ਸ਼ਹਾਦਤ ਦਾ ਜਾਮ ਪੀਤਾ।

ਇਨ੍ਹਾਂ ਦੀ (ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ) ਸ਼ਹੀਦੀ ਤੋਂ ਅਗਲੇ ਦਿਨ ਗੁਰੂ ਤੇਗ਼ ਬਹਾਦਰ ਜੀ, ਜਿਨ੍ਹਾਂ ਨੂੰ ਲੋਹੇ ਦੇ ਪਿੰਜਰੇ ਵਿੱਚ ਕੈਦ ਕੀਤਾ ਹੋਇਆ ਸੀ, ਸ਼ਹੀਦ ਕਰਨ ਤੋਂ ਪਹਿਲਾਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਮੁਸਲਿਮ ਧਰਮ ਕਬੂਲ ਕਰਨ ਲਈ ਬੜਾ ਜ਼ੋਰ ਪਾਇਆ। ਇਤਿਹਾਸ ਵਿੱਚ ਇਹ ਜ਼ਿਕਰ ਵੀ ਆਉਂਦਾ ਹੈ ਕਿ ਔਰੰਗਜ਼ੇਬ ਨੇ ਕਿਹਾ ਕਿ ਜੇ ਗੁਰੂ ਜੀ ਮੁਸਲਮਾਨ ਬਣ ਜਾਣ ਤਾਂ ਉਹ ਆਪਣੀ ਬੇਟੀ ਦਾ ਨਿਕਾਹ ਵੀ ਉਨ੍ਹਾਂ ਨਾਲ ਕਰ ਦੇਣਗੇ। ਜਦੋਂ ਸਾਰੀਆਂ ਦਲੀਲਾਂ ਨਾਕਾਮਯਾਬ ਹੋ ਗਈਆਂ ਤਾਂ ਬਾਦਸ਼ਾਹ ਨੇ ਗੁਰੂ ਜੀ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ। 11ਨਵੰਬਰ 1675 ਈਸਵੀ ਦੇ ਮਨਹੂਸ ਦਿਨ ਚਾਂਦਨੀ ਚੌਂਕ ਵਿੱਚ ਇੱਕ ਬੋਹੜ ਦੇ ਰੁੱਖ ਹੇਠ ਲੋਕਾਂ ਦੇ ਭਰੇ ਇਕੱਠ ਵਿੱਚ ਸਮਾਣੇ ਦੇ ਇੱਕ ਜੱਲਾਦ ਸੱਯਦ ਜੱਲਾਲ-ਦੀਨ ਨੇ ਗੁਰੂ ਜੀ ਦਾ ਸੀਸ ਧੜ ਨਾਲੋਂ ਅੱਡ ਕਰ ਦਿੱਤਾ।

ਜਿਸ ਸਮੇਂ ਇਹ ਦਰਦਨਾਕ ਵਾਕਿਆ ਹੋਇਆ, ਹਨੇਰਾ ਹੋ ਰਿਹਾ ਸੀ। ਸ਼ਾਇਦ ਕੁਦਰਤ ਵੀ ਇਹ ਕਹਿਰ ਬਰਦਾਸ਼ਤ ਨਾ ਕਰ ਸਕੀ ਤੇ ਹਵਾ, ਝੱਖੜ, ਹਨੇਰੀ ਰਾਹੀਂ ਆਪਣਾ ਰੋਸ ਜ਼ਾਹਿਰ ਕਰਨ ਲੱਗੀ। 'ਭਾਈ ਜੈਤਾ' ਗੁਰੂ ਜੀ ਦੇ ਸਿੱਖ ਨੇ ਇਸ ਘੜੀ ਆਪਣਾ ਫ਼ਰਜ਼ ਸਮਝਦੇ ਹੋਏ ਚੱਪੇ-ਚੱਪੇ 'ਤੇ ਤਾਇਨਾਤ ਗ਼ਸ਼ਤ ਕਰ ਰਹੇ ਸਿਪਾਹੀਆਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦਿਆਂ ਗੁਰੂ ਜੀ ਦੇ ਪਾਵਨ ਸੀਸ ਨੂੰ ਸਤਿਕਾਰ ਨਾਲ ਚੁੱਕ ਕੇ ਇਸ਼ਨਾਨ ਕਰਵਾ ਕੇ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਬੜੀ ਅਹਿਤਿਹਾਤ ਵਰਤਦੇ ਹੋਏ ਰਸਤੇ ਵਿੱਚ ਲੁਕਦੇ ਲੁਕਾਉਂਦੇ ਅਨੰਦਪੁਰ ਸਾਹਿਬ ਪੁੱਜ ਗਏ,ਜਿੱਥੇ ਗੁਰੂ ਗੋਬਿੰਦ ਸਿੰਘ ਜੀ (ਗੋਬਿੰਦ ਰਾਏ ਜੀ) ਨੇ ਭਾਈ ਜੈਤਾ ਜੀ ਤੋਂ ਪਿਤਾ ਗੁਰੂ ਦਾ ਸੀਸ ਲੈਂਦੇ ਹੋਏ ਭਾਈ ਜੈਤਾ ਜੀ ਨੂੰ ਗਲ਼ ਨਾਲ ਲਾਇਆ ਅਤੇ "ਰੰਘਰੇਟਾ ਗੁਰੂ ਕਾ ਬੇਟਾ" ਦਾ ਵਰ ਦਿੱਤਾ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਜੈਤਾ ਜੀ ਬਾਬਾ ਜੀਵਨ ਸਿੰਘ ਜੀ ਦੇ ਤੌਰ 'ਤੇ ਸਿੰਘ ਸਜੇ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਆਖਰੀ ਸਾਂਹ ਤੱਕ ਅੰਗ ਸੰਗ ਰਹੇ ਤੇ ਇੱਥੋਂ ਤੱਕ ਕਿ ਚਮਕੌਰ ਸਾਹਿਬ ਦੀ ਜੰਗ ਵਿੱਚ ਜੂਝਦਿਆਂ ਸ਼ਹਾਦਤ ਦਾ ਜਾਮ ਪੀ ਗਏ।

ਗੁਰੂ ਜੀ ਦੇ ਧੜ ਨੂੰ ਪ੍ਰਾਪਤ ਕਰਨ ਦੀ ਗਾਥਾ ਵੀ ਬੜੀ ਅਦਭੁੱਤ ਹੈ। ਭਾਈ ਲੱਖੀ ਸ਼ਾਹ ਵਣਜਾਰਾ ਵੀ ਗੁਰੂ ਦਾਅਨਿੰਨ ਸਿੱਖ ਸੀ। ਉਸ ਦਾ ਵਪਾਰ ਵੱਡੇ ਪੱਧਰ 'ਤੇ ਸੀ। ਸ਼ਾਇਦ ਲੱਖੀ ਸ਼ਾਹ ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਅਭਿੱਜ ਨਹੀਂ ਸੀ। ਗੁਰੂ ਜੀ ਦਾ ਧੜ ਸੀਸ ਨਾਲੋਂ ਵੱਖ ਹੋਇਆ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਭਾਈ ਲੱਖੀ ਸ਼ਾਹ ਦੇ ਰੂੰ ਦੇ ਭਰੇ ਹੋਏ ਗੱਡਿਆਂ ਨੇ ਧੜ ਵਾਲੀ ਥਾਂ ਦੇ ਦੋਵਾਂ ਪਾਸਿਆਂ ਤੋਂ ਲੰਘਣਾ ਸ਼ੁਰੂ ਕਰ ਦਿੱਤਾ। ਮਿੱਟੀ, ਧੂੜ ਕਰ ਕੇ ਕਿਸੇ ਨੂੰ ਕੁਝ ਨਹੀਂ ਸੀ ਦਿਖ ਰਿਹਾ।

ਭਾਈ ਲੱਖੀ ਸ਼ਾਹ ਨੇ ਆਪਣੇ ਪੁੱਤਰਾਂ ਰਾਹੀਂ ਬੜੇ ਅਦਬ ਨਾਲ ਗੁਰੂ ਜੀ ਦਾ ਧੜ ਇੱਕ ਗੱਡੇ 'ਤੇ ਬੜੇ ਸਤਿਕਾਰ ਨਾਲ ਇਸ ਢੰਗ ਨਾਲ ਛੁਪਾ ਲਿਆ ਕਿ ਕਿਸੇ ਨੂੰ ਕਿਸੇ ਪ੍ਰਕਾਰ ਦਾ ਸ਼ੱਕ ਨਹੀਂ ਹੋਇਆ ।

ਗੱਡਿਆਂ ਦਾ ਕਾਫ਼ਲਾ ਲੰਘ ਗਿਆ ਤੇ ਇੱਧਰੋਂ ਪਹਿਰੇਦਾਰ ਸੀਸ ਤੇ ਧੜ ਦੋਵੇਂ ਲਾਪਤਾ ਹੋਣ ਤੇ ਦੰਗ ਰਹਿ ਗਏ। ਭਾਈ ਲੱਖੀ ਸ਼ਾਹ ਤੇ ਉਸ ਦੇ ਪੁੱਤਰਾਂ ਦਾ ਹੌਂਸਲਾ ਤੇ ਬਹਾਦਰੀ, ਨਿਡਰਤਾ ਦੀ ਮਿਸਾਲ ਦੇਖਣਯੋਗ ਹੈ। ਉਨ੍ਹਾ ਨੇ ਗੁਰੂ ਜੀ ਦੇ ਧੜ ਨੂੰ ਆਪਣੇ ਘਰ ਰਕਾਬ ਗੰਜ, ਜਿੱਥੇ ਅੱਜਕੱਲ ਗੁਰਦਵਾਰਾ ਸ੍ਰੀ ਰਕਾਬ ਗੰਜ ਹੈ, ਲੈ ਜਾ ਕੇ ਸਾਰੇ ਘਰ ਨੂੰ ਹੀ ਅੱਗ ਲਾ ਦਿੱਤੀ ਤਾਂ ਕਿ ਲੋਕ ਇਹ ਹੀ ਸਮਝਣ ਕਿ ਲੱਖੀ ਸ਼ਾਹ ਦੇ ਘਰ ਨੂੰ ਅੱਗ ਲਗ ਗਈ ਹੈ। ਇਸ ਢੰਗ ਨਾਲ ਭਾਈ ਲੱਖੀ ਸ਼ਾਹ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ।

ਧੰਨ ਹਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਧੰਨ ਹਨ ਉਨਾਂ ਦੇ ਸਿੱਖ।

ਇੱਥੇ ਇਹ ਗੱਲ ਸਮਝਣਯੋਗ ਹੈ ਕਿ ਜੇਕਰ ਗੁਰੂ ਜੀ ਚਾਹੁੰਦੇ ਤਾਂ ਔਰੰਗਜ਼ੇਬ ਦੀ ਕੈਦ ਵਿੱਚੋਂ ਵੀ ਨਿਕਲ ਸਕਦੇ ਸੀ। ਉਨ੍ਹਾਂ ਨੂੰ ਕੌਣ ਕੈਦ ਕਰ ਸਕਦਾ ਸੀ? ਇਸੇ ਤਰ੍ਹਾਂ ਪੰਜਵੇਂ ਪਾਤਸ਼ਾਹ ਜੇ ਚਾਹੁੰਦੇ ਤਾਂ ਉਹ ਵੀ ਦੁਸ਼ਟ ਚੰਦੂ ਦੀ ਪਹਿਰੇਦਾਰੀ ਤੋਂ ਮੁਕਤ ਹੋ ਸਕਦੇ ਸੀ ਪਰ ਉਹ ਆਪਣੇ ਸਿੱਖਾਂ ਨੂੰ ਸ਼ਹਾਦਤ ਸਬਕ ਪੜ੍ਹਾਉਣਾ ਚਾਹੁੰਦੇ ਸੀ ਤਾਂ ਹੀ ਉਨ੍ਹਾਂ ਨੇ ਖਿੜੇ ਮੱਥੇ ਸ਼ਹਾਦਤਾਂ ਦਿੱਤੀਆਂ। ਇਹੀ ਕਾਰਨ ਹੈ ਕਿ ਅੱਗੇ ਜਾ ਕੇ ਬੇਅੰਤ ਸਿੱਖਾਂ ਵਲੋਂ ਦਿੱਤੀਆਂ ਸ਼ਹਾਦਤਾਂ ਦਾ ਲੇਖਾ-ਜੋਖਾ ਕਰਨਾ ਵੀ ਸੌਖਾ ਨਹੀਂ।

ਇਤਿਹਾਸ ਵਿੱਚ ਵੱਡੇ ਘੱਲੂਕਾਰੇ ਤੇ ਛੋਟੇ ਘੱਲੂਕਾਰੇ ਤੇ ਹੁਣ

ਸ੍ਰੀ ਅੰਮ੍ਰਿਤਸਰ ਸਾਹਿਬ ਦਰਬਾਰ ਸਾਹਿਬ ਸਾਕਾ ਨੀਲਾ ਤਾਰਾ ਸਮੇਂ ਗੁਰੂ ਦੇ ਸਿੱਖਾਂ ਵਲੋਂ ਆਪਣੇ ਦੇਸ਼, ਧਰਮ, ਕੌਮ ਲਈ ਸ਼ਹਾਦਤਾਂ ਦੇਣ ਦੇ ਪਿੱਛੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ "ਧਰਮ ਹੇਤ ਸਾਕਾ" ਦੀ ਫ਼ਲਿਸਫ਼ੀ ਹੀ ਦਿਖਾਈ ਦੇ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀ ਵੀ ਇਹੀ ਸਿੱਖਿਆ ਹੈ:

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
ਗੁਰੂ ਗ੍ਰੰਥ ਸਾਹਿਬ ਅੰਗ- ੧੪੨

ਭਾਵ ਜੇਕਰ ਕੋਈ ਸਿਰਫ਼ ਦੇਖਣ ਨੂੰ ਹੀ ਜੀਅ ਰਿਹਾ ਹੈ, ਉਸ ਦੀ ਵੀ ਕੋਈ ਇੱਜ਼ਤ ਨਹੀਂ। ਉਹ ਇੱਜ਼ਤ ਗਵਾ ਕੇ ਹੀ ਇੱਥੋਂ ਜਾਂਦਾ ਹੈ। ਉਹ ਜੋ ਵੀ ਖਾਂਦਾ-ਪੀਂਦਾ ਹੈ, ਉਹ ਸਭ ਹਰਾਮ ਹੀ ਹੈ।

ਗੁਰੂ ਤੇਗ਼ ਬਹਾਦਰ ਜੇ ਅਨੁਸਾਰ,

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥"
ਗੁਰੂ ਗ੍ਰੰਥ ਸਾਹਿਬ ਅੰਗ ੧੪੨੬

ਭਾਵ ਜਿਹੜਾ ਮਨੁੱਖ ਕਿਸੇ ਨੂੰ ਡਰਾਉਂਦਾ ਨਹੀਂ ਅਤੇ ਕਿਸੇ ਦੇ ਡਰਾਵਿਆਂ ਤੋਂ ਘਬਰਾਉਂਦਾ ਨਹੀਂ, ਉਸ ਨੂੰ ਹੀ ਆਤਮਕ ਜੀਵਨ ਵਾਲਾ ਸਮਝਣਾ ਚਾਹੀਦਾ ਹੈ।

ਅੰਤ ਵਿੱਚ ਬਚਿੱਤਰ ਨਾਟਕ ਵਿੱਚ ਦਸਮ ਪਾਤਸ਼ਾਹ ਦੇ ਇਨ੍ਹਾਂ ਬਚਨਾ ਨਾਲ ਮੈਂ ਆਪਣੇ ਪਰਚੇ ਨੂੰ ਅੰਤਮਿ ਛੂਹ ਦਿੰਦਾ ਹਾਂ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰੁਸੀ ਨਾ ਉਚਰੀ॥
ਧਰਮ ਹੇਤਿ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਪਾ. ੧੦, ਬਚਿੱਤਰ ਨਾਟਕ

## ਹਵਾਲੇ


### ਕਿਤਾਬ ਵਿੱਚੋਂ:

1. ਸਿੰਘ ਤ੍ਰਿਲੋਚਨ (1973) ਸੰਖੇਪ ਜੀਵਨ ਗੁਰੂ ਤੇਗ ਬਹਾਦਰ, ਨਵਯੁਗ ਪ੍ਰੈਸ, ਦਿੱਲੀ: ਚਾਂਦਨੀ ਚੌਕ।
2. ਸਿੰਘ ਤਾਰਨ (1976) ਗੁਰੂ ਤੇਗ਼ ਬਹਾਦਰ ਜੀਵਨ ਤੇ ਸਿਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ, ਪਟਿਆਲਾ: ਪੰਜਾਬੀ ਯੂਨੀਵਰਸਿਟੀ।
3. ਸਿੰਘ ਸੇਵਾ (2007) ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਲੁਧਿਆਣਾ: ਪੰਜਾਬੀ ਸਾਹਿਤ ਅਕਾਦਮੀ।

### ਅਖ਼ਬਾਰ ਵਿੱਚੋਂ:

ਕੌਰ ਕੁਲਦੀਪ (2017) ਮਾਨਵ ਅਧਿਕਾਰਾਂ ਦੇ ਰਾਖੇ ਸ੍ਰੀ ਗੁਰੂ ਤੇਗ਼ ਬਹਾਦਰ, ਪੰਨਾ ਨੰਬਰ 4, ਰੋਜ਼ਾਨਾ ਅਜੀਤ, ਮਿਤੀ 23 ਨਵੰਬਰ 2017

### ਮਹਾਨਕੋਸ਼:

ਨਾਭਾ, ਭਾਈਕਾਨ੍ਹਸਿੰਘ (2006) ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੰਜਾਬ:ਭਾਸ਼ਾ ਵਿਭਾਗ।

### ਇੰਨਰਨੈੱਟ ਵਿੱਚੋਂ:

1. **ਵੈੱਬ ਲਿੰਕ**

https://pa.wikipedia.org/wiki%E0%A8%97%E0%A9%81%E0%A8%B0%E0%A9%8 2_ %E0%A8%A4% E0%A9%87%E0%A8 %97_%E0%A8%AC%E0%A8%B9%E0%A8%BE%E0%A8%A6%E0%A8%B0

2. **ਐਪ**

ਸਿੰਘ ਜੋਗਾ ਅਤੇ ਕੰਬੋਜ ਸੀ. ਪੀ. (2018) ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਐਪ, ਪਟਿਆਲਾ: ਪੰਜਾਬੀ ਯੂਨੀਵਰਸਿਟੀ ।


* * * * *